# ਸਤਿਗੁਰੂ ਜੀ ਦਾ ਸਤਸੰਗ ਪ੍ਰੋਗਰਾਮ- ਫਿਲੀਪੀਨਸ ਦਸੰਬਰ 2025

## ਸਵਾਲ ਅਤੇ ਜਵਾਬ ਦੀ ਵਿਧੀ ਲਈ ਦਿਸ਼ਾ ਨਿਰਦੇਸ਼

ਇੱਕ ਸਵਾਲ ਜਵਾਬ ਦਾ ਸੈਸ਼ਨ ਹੋਵੇਗਾ।ਸਤਿਗੁਰੂ ਜੀ ਤੋ ਸਵਾਲ ਪੁੱਛਣ ਲਈ ਇੱਕ ਟੋਕਨ ਸਲੈਕਸ਼ਨ ਸਿਸਟਮ ਬਣਾਇਆ ਗਿਆ ਹੈ।ਜੇ ਤੁਸੀ ਪ੍ਰੋਗਰਾਮ ਦੌਰਾਨ ਸਵਾਲ ਪੁੱਛਣਾ ਚਾਹੁੰਦੇ ਹੋ ਤਾਂ ਇਹਨਾਂ ਗੱਲਾਂ ਦਾ ਧਿਆਨ ਰਖੋ।

1. ਜੇ ਵਕਤ ਮਿਲੇ ਤਾਂ ਪਹਿਲਾਂ ਮੈਨ ਹਾਲ ਵਿਚ ਆਪਣਾ ਸਥਾਨ ਰੱਖ ਕੇ ਫਿਰ ਚੁਨਾਓ ਵਾਲੇ ਸਥਾਨ ਤੇ ਜਾਵੋ,ਜੋ ਕਿ ਗਰਾਉਂਡ ਫਲੋਰ ਤੇ ਐਗਜਲਰੀ ਹਾਲ ਹੈ।ਜਿਆਦਾ ਜਾਣਕਾਰੀ ਲਈ ਸਤਸੰਗ ਸੈਂਟਰ ਦਾ ਨਕਸ਼ਾ ਦੇਖੋ।
2. ਚੁਨਾਓ ਵਾਲਾ ਸਥਾਨ ਸਵੇਰੇ 7:00 ਵਜੇ ਤੋ ਲੈ ਕੇ 8:30 ਤੱਕ ਖੁੱਲਾ ਰਹੇਗਾ।ਜੇ ਤੁਸੀਂ ਸਵਾਲ ਪੁੱਛਣਾ ਹੈ ਤਾ **ਕਿਰਪਾ ਕਰਕੇ 8:30 ਤੋ ਪਹਿਲਾਂ ਉਥੇ ਪਹੁੰਚ ਜਾਵੋ।**
3. ਸਵਾਲ ਪੁੱਛਣ ਵਾਲਿਆਂ ਦੀ ਉਮਰ **18 ਸਾਲ ਜਾਂ ਉਸ ਤੋ ਵੱਧ** ਹੋਣੀ ਚਾਹੀਦੀ ਹੈ।14 ਤੋਂ 17 ਸਾਲ ਦੇ ਯੁਵਾ ਵੀ ਸਵਾਲ ਪੁੱਛ ਸਕਦੇ ਹਨ,ਲੇਕਿਨ ਉਹਨਾਂ ਵਿੱਚੋਂ ਸਿਰਫ ਇੱਕ ਲੜਕਾ ਅਤੇ ਇੱਕ ਲੜਕੀ ਨੂੰ ਹੀ ਚੁਣਿਆ ਜਾਏਗਾ।
4. ਸਵਾਲ ਪੁੱਛਣ ਵਾਲਿਆਂ ਦਾ ਚੁਨਾਓ ਟੋਕਨ ਸਿਸਟਮ ਨਾਲ ਹੋਵੇਗਾ।ਕੁੱਝ ਟੋਕਨਾਂ ਉਪੱਰ ਨੰਬਰ ਲਿਖੇ ਹੋਣਗੇ,ਕੁਝ ਤੇ ਨਹੀਂ। **ਜਿਹਨਾਂ ਦਾ ਨੰਬਰ ਵਾਲਾ ਟੋਕਨ ਨਿਕਲੇਗਾ**,ਉਹਨਾਂ ਨੂੰ ਹੀ ਸਵਾਲ ਪੁੱਛਣ ਦਾ ਮੌਕਾ ਮਿਲੇਗਾ।
5. ਜੇ ਤੁਹਾਡਾ ਚੁਨਾਓ ਨਹੀਂ ਹੁੰਦਾ,ਤਾਂ ਤੁਸੀਂ ਸਤਸੰਗ ਹਾਲ ਵਿਚ ਆਪਣੀ ਸੀਟ ਤੇ ਵਾਪਸ ਚਲੇ ਜਾਓ।
6. ਚੁਣੇ ਜਾਣ ਤੋ **ਬਾਦ ਕਿਸੇ ਹੋਰ ਨੂੰ,ਵਿਚ ਹੀ ਖੜੇ ਹੋ ਕੇ ਸਵਾਲ ਜਵਾਬ ਦੇ ਸੈਸ਼ਨ ਦੌਰਾਨ,ਸਵਾਲ ਪੁੱਛਣ ਦੀ ਇਜਾਜਤ ਨਹੀਂ ਹੈ।ਜਿਹੜੇ ਚੁਣੇ ਜਾਣਗੇ ਉਹੀ ਸਵਾਲ ਪੁੱਛ ਸਕਦੇ ਹਨ।**
7. ਸਵਾਲ ਸਿਰਫ ਅੰਗਰੇਜ਼ੀ,ਹਿੰਦੀ ਜਾਂ ਪੰਜਾਬੀ ਵਿਚ ਹੀ ਕੀਤੇ ਜਾ ਸਕਦੇ ਹਨ।
8. ਜੇ ਤੁਸੀ ਫਿਲਿਪੀਨੋ ਭਾਸ਼ਾ ਵਿਚ ਸਵਾਲ ਪੁੱਛਣਾ ਚਾਹੁੰਦੇ ਹੋ ਤਾ ਤੁਹਾਨੂੰ ਆਪਣੇ ਸਵਾਲ ਨੂੰ ਅੰਗਰੇਜ਼ੀ ਭਾਸ਼ਾ ਵਿਚ ਇੱਕ ਕਾਗਜ ਉਤੇ ਲਿਖ ਕੇ ਲਿਆਉਣਾ ਚਾਹੀਦਾ ਹੈ।ਜੇ ਤੁਹਾਨੂੰ ਆਪਣੇ ਸਵਾਲ ਨੂੰ ਅੰਗਰੇਜ਼ੀ ਵਿਚ ਲਿਖਣ ਲਈ ਕੋਈ ਮਦਦ ਦੀ ਜਰੂਰਤ ਹੋਵੇ,ਤਾਂ ਐਗਜੈਲਰੀ ਹਾਲ ਵਿਚ ਸੇਵਾਦਾਰ ਤੁਹਾਡੀ ਮਦਦ ਲਈ ਉਪਲਬਧ ਹੋਣਗੇ।
9. ਜੇ ਤੁਸੀ ਚੁਣੇ ਗਏ ਤਾਂ ਸੇਵਾਦਾਰ ਆਪ ਨੂੰ ਮੈਨ ਹਾਲ ਵਿਚ ਸਵਾਲ ਜਵਾਬ ਲਈ ਨਿਰਧਾਰਤ ਸੀਟਾਂ ਤੇ ਲੈ ਕੇ ਜਾਣਗੇ।ਕਿਰਪਾ ਕਰਕੇ ਬੈਠਣ ਲਈ ਅਸ਼ਰਿੰਗ ਸੇਵਾਦਾਰਾਂ ਦੇ ਨਿਰਦੇਸ਼ਾ ਦੀ ਪਾਲਣਾ ਕਰੋ।
10. ਸਵਾਲ ਛੋਟੇ ਤੇ ਸਪਸ਼ਟ ਹੋਣੇ ਚਾਹੀਦੇ ਹਨ।
11. ਸਿਰਫ **ਇੱਕ ਸਵਾਲ** ਹੀ ਪੁੱਛਣਾ ਚਾਹੀਦਾ ਹੈ।
12. ਸਵਾਲ ਸਿਰਫ ਰੂਹਾਨੀਅਤ ਬਾਰੇ ਹੋਣੇ ਚਾਹੀਦੇ ਹਨ।ਸਵਾਲ ਨਿਜੀ, ਆਰਥਿਕ, ਪਰਿਵਾਰਿਕ ਜਾਂ ਰਾਜਨੀਤਿਕ ਸਮੱਸਿਆਵਾਂ ਬਾਰੇ ਨਹੀਂ ਹੋਣੇ ਚਾਹੀਦੇ।
13. ਦੂਸਰਿਆਂ ਵਲੋਂ ਸਵਾਲ ਨਾ ਪੁਛੋ।
14. ਲੰਬੇ ਨੋਟ,ਕਵਿਤਾਵਾਂ ਤੇ ਚਿੱਠਿਆਂ ਨਾ ਪੜੋ,ਸ਼ਬਦ ਜਾਂ ਗਾਣਾ ਵੀ ਨਾ ਗਾਓ।
15. ਜਦੋਂ ਸਤਿਗੁਰੂ ਜੀ ਤੁਹਾਡੇ ਸਵਾਲ ਦਾ ਜਵਾਬ ਦੇ ਰਹੇ ਹੋਣ, ਤਾ ਉਹਨਾਂ ਨੂੰ ਵਿਚ ਹੀ ਨਹੀਂ ਟੋਕਨਾ।ਕੁਝ ਬੋਲਨ ਤੋ ਪਹਿਲਾਂ,ਤੁਸੀਂ ਉਹਨਾਂ ਨੂੰ ਆਪਣੀ ਗੱਲ ਖਤਮ ਕਰਨ ਦੇਣਾ।